# Press Statement on Armenia Azerbaijan Conflict

October 01, 2020

………………………………………………………………………………………………………..

## ਆਰਮੀਨੀਆ-ਅਜ਼ਰਬਾਈਜਾਨ ਟਕਰਾਅ ਬਾਰੇ ਪ੍ਰੈੱਸ ਬਿਆਨ

1 ਅਕਤੂਬਰ, 2020

ਅਸੀਂ ਆਰਮੀਨੀਆ-ਅਜ਼ਰਬਾਈਜਾਨ ਸਰਹੱਦ ਦੇ ਨਾਗਰਨੋ-ਕਰਾਬਖ ਖੇਤਰ ਅੰਦਰ 27 ਸਤੰਬਰ, 2020 ਦੀ ਸਵੇਰ ਫਿਰ ਤੋਂ ਲੜਾਈ ਸ਼ੁਰੂ ਹੋਣ ਦੀਆਂ ਪਰੇਸ਼ਾਨਕੁਨ ਖਬਰਾਂ ਪੜ੍ਹੀਆਂ ਹਨ, ਜਿਸਦੇ ਸਿੱਟੇ ਵਜੋਂ ਦੋਨੋਂ ਪਾਸੇ ਕਈ ਲੋਕਾਂ ਦੀ ਮੌਤ ਹੋ ਗਈ।

ਭਾਰਤ ਨੂੰ ਇਸ ਹਾਲਾਤ 'ਤੇ ਚਿੰਤਾ ਹੈ, ਜਿਨ੍ਹਾਂ ਕਾਰਨ ਖੇਤਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਖਤਰਾ ਹੈ। ਅਸੀਂ ਦੋਹਾਂ ਪੱਖਾਂ ਵੱਲੋਂ ਲੜਾਈ ਤੁਰੰਤ ਬੰਦ ਕੀਤੇ ਜਾਣ, ਸੰਜਮ ਬਣਾਈ ਰੱਖਣ ਅਤੇ ਸਰਹੱਦ 'ਤੇ ਸ਼ਾਂਤੀ ਬਣਾਈ ਰੱਖਣ ਲਈ ਹਰ ਮੁਮਕਿਨ ਕਦਮ ਚੁੱਕਣ ਦੀ ਲੋੜ ਦੁਹਰਾਉਂਦੇ ਹਾਂ। ਭਾਰਤ ਦਾ ਇਹ ਮੰਨਣਾ ਹੈ ਕਿ ਇਸ ਵਿਵਾਦ ਦਾ ਕੋਈ ਵੀ ਸਥਾਈ ਹੱਲ ਸਿਰਫ ਸ਼ਾਂਤੀ ਨਾਲ ਕੂਟਨੀਤਕ ਗੱਲਬਾਤ ਰਾਹੀਂ ਹੀ ਹਾਸਲ ਕੀਤਾ ਜਾ ਸਕਦਾ ਹੈ।

ਇਸ ਸਬੰਧ ਵਿੱਚ ਅਸੀਂ ਆਰਮੀਨੀਆ ਅਤੇ ਅਜ਼ਰਬਾਈਜਾਨ ਵਿਚਕਾਰ ਟਕਰਾਅ ਦਾ ਸ਼ਾਂਤਮਈ ਹੱਲ ਕੱਢਣ ਲਈ OSCE ਮਿੰਸਕ ਸਮੂਹ ਵੱਲੋਂ ਕੀਤੀਆਂ ਜਾ ਰਹੀਆਂ ਲਗਾਤਾਰ ਕੋਸ਼ਿਸ਼ਾਂ ਦਾ ਸਮਰਥਨ ਕਰਦੇ ਹਾਂ।

ਨਵੀਂ ਦਿੱਲੀ

1 ਅਕਤੂਬਰ, 2020

DISCLAIMER: This is an approximate translation. The original is available in English on MEA's website and may be referred to as the official press release.